ਭਾਰਤੀ ਰਿਜ਼ਰਵ ਬੈਂਕ
RESERVE BANK OF INDIA


**ਪ੍ਰਕਾਸ਼ਨ ਅਧਿਕਾਰ**

ਮੁੜ ਤੋਂ ਛਾਪਣ ਦੀ ਇਜਾਜ਼ਤ ਹੈ ਬਸ਼ਰਤੇ ਕਿ ਸ੍ਰੋਤ ਦੀ ਜਾਣਕਾਰੀ ਦਿੱਤੀ ਜਾਏ।



**ਬੇਦਾਅਵਾ**

ਭਾਰਤੀ ਰਿਜ਼ਰਵ ਬੈਂਕ ਦਾ ਵਿੱਤੀ ਸਿੱਖਿਆ ਉਪਰਾਲਾ ਆਮ ਆਦਮੀ ਨੂੰ ਆਮ ਜਾਣਕਾਰੀ ਅਤੇ ਮਾਰਗਦਰਸ਼ਨ ਉਪਲਬਧ ਕਰਾਉਣਾ ਹੈ। ਇਸ ਜਾਣਕਾਰੀ ਦੇ ਉਪਯੋਗਕਰਤਾ ਉਪਲਬਧ ਕਰਾਈ ਗਈ ਜਾਣਕਾਰੀ ਦਾ ਉਪਯੋਗ ਕਰਦੇ ਸਮੇਂ ਖ਼ੁਦ ਸਾਵਧਾਨੀ ਵਰਤਣ ਅਤੇ ਫ਼ੈਸਲਾ ਲੈਣ।

ਨਵੰਬਰ 2007

# ਮਨੀ ਕੁਮਾਰ

## ਅਤੇ ਮੁੱਦਰਾ-ਨੀਤੀ



ਵਿੱਤੀ ਸਿੱਖਿਆ ਸਿਰੀਜ਼

ਭਾਰਤੀ ਰਿਜ਼ਰਵ ਬੈਂਕ
RESERVE BANK OF INDIA
www.rbi.org.in




## ਮੁੱਦਰਾ-ਨੀਤੀ ਬਾਰੇ ਜਾਣਕਾਰੀ

ਮੇਰਾ ਕੰਮ ਬੜਾ ਮਹਾਨ ਹੈ। ਪਰ ਲੋਕਾਂ ਨੂੰ ਮੇਰੇ ਕੰਮ ਬਾਰੇ ਵਧੇਰੀ ਜਾਣਕਾਰੀ ਨਹੀਂ ਹੈ। ਜ਼ਿਆਦਾਤਰ ਤਾਂ ਆਰਬੀਆਈ ਨੂੰ ਇਕ ਸਰਕਾਰੀ ਸੰਗਠਨ ਹੀ ਸਮਝਦੇ ਹਨ ਜਿਸ ਨਾਲ ਉਹਨਾਂ ਦਾ ਕੋਈ ਲੈਣਾ-ਦੇਣਾ ਹੀ ਨਹੀਂ। ਪਰ ਅਸਲੀਅਤ ਕੁਝ ਹੋਰ ਹੈ। ਆਰਬੀਆਈ ਵਿਖੇ ਮੇਰੀ ਕੀਤੀ ਹਰ ਚੀਜ਼ ਦਾ ਅਸਰ ਸਮੁੱਚੇ ਦੇਸ਼ ਉੱਤੇ ਪੈਂਦਾ ਹੈ। ਗਰੀਬ ਤੋਂ ਗਰੀਬ ਕਿਸਾਨ ਤੋਂ ਲੈ ਕੇ ਅਮੀਰ ਤੋਂ ਅਮੀਰ ਵਪਾਰੀ ਤੱਕ। ਜਿਵੇ ਤੁਸੀਂ ਅਨੁਮਾਨ ਲਗਾ ਸਕਦੇ ਹੋ ਇਹ ਅਨੇਕਾਂ ਜ਼ਿੰਮੇਵਾਰੀਆਂ ਦਾ ਇਕ ਬੜਾ ਹੀ ਦਿਲਚਸਪ ਕੰਮ ਹੈ। ਜੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ, ਤਾਂ ਬਸ ਟਿਕ ਕੇ ਬੈਠ ਜਾਓ, ਪੜ੍ਹੋ ਅਤੇ ਆਨੰਦ ਲਓ!



## ਆਰਬੀਆਈ ਬਾਰੇ!

(ਰਿਜ਼ਰਵ ਬੈਂਕ ਆਫ਼ ਇੰਡੀਆ) ਨੂੰ ਰਿਜ਼ਰਵ ਬੈਂਕ ਆਫ਼ ਇੰਡੀਆ ਐਕਟ, 1934 ਅਧੀਨ 1 ਅਪ੍ਰੈਲ, 1935 ਨੂੰ ਸਥਾਪਿਤ ਕੀਤਾ ਗਿਆ ਸੀ। ਕੇਂਦਰੀ ਦਫ਼ਤਰ ਸ਼ੁਰੂ ਵਿਚ ਕਲਕੱਤੇ ਵਿਚ ਸੀ, ਪਰ ਫਿਰ ਸਥਾਈ ਰੂਪ ਨਾਲ 1937 ਵਿਚ ਮੁੰਬਈ ਵਿਚ ਸਥਾਪਿਤ ਕਰ ਦਿੱਤਾ ਗਿਆ। ਹਾਲਾਂਕਿ ਮੂਲ ਰੂਪ ਵਿਚ ਇਹ ਨਿਜੀ ਮਲਕੀਅਤ ਵਾਲਾ ਬੈਂਕ ਸੀ, 1949 ਵਿਚ ਰਾਸ਼ਟਰੀਕਰਨ ਤੋਂ ਬਾਅਦ ਇਹ ਪੂਰੀ ਤਰ੍ਹਾਂ ਭਾਰਤ ਸਰਕਾਰ ਦੀ ਮਲਕੀਅਤ ਬਣ ਗਿਆ।



ਜਮਾਤ ਵਿਜ ਵਿਦਿਆਰਥੀ ਸਮਝਣ ਦੀ ਪੂਰੀ ਕੋਸਿਸ਼ ਕਰਦੇ ਹਨ।
ਅਰਥ ਵਿਵਸਥਾ
• ਮੁੱਦਰਾ ਨੀਤੀ
• ਕੀਮਤਾਂ ਦਾ ਉਤਾਰ-ਚੜ੍ਹਾਉ
• ਆਰਥਿਕ ਸਥਿਰਤਾ
ਅੱਜ ਮੇਰੇ ਕੋਲ ਤੁਹਾਡੇ ਲਈ ਇਕ ਅਦਭੁਤ ਗੱਲ ਹੈ, ਕ੍ਰਿਪਾ ਕਰਕੇ ਮਨੀ ਕੁਮਾਰ ਦਾ ਸਵਾਗਤ ਕਰੋ!
ਹੈਲੋ !
ਮਨੀ ਕੁਮਾਰ, ਤੁਹਾਡਾ ਸਵਾਗਤ ਹੈ! ਮੈਂ ਤੁਹਾਨੂੰ ਇਸ ਜਮਾਤ ਨੂੰ ਮੁੱਦਰਾ ਨੀਤੀ ਬਾਰੇ ਸਮਝਾਉਣ ਲਈ ਬੁਲਾਇਆ ਹੈ।
ਮੈ ਇੰਹਨਾਂ ਨੂੰ ਮੁੱਦਰਾ ਨੀਤੀ ਦੇ ਤਿੰਨ ਮੂਲ ਉਦੇਸ਼ਾ ਬਾਰੇ ਦੱਸ ਚੁਕੀ ਹਾਂ - ਕੀਮਤਾਂ ਤੇ ਨਿਰੰਤਰਣ, ਵਿਕਾਸ ਵਿਚ ਤੇਜ਼ੀ ਅਤੇ ਆਰਥਿਕ ਸਥਿਰਤਾ।
ਸਭ ਕੁਝ ਕਿੰਨਾ ਗੁੰਝਲਦਾਰ ਹੈ। ਏਦਾਂ ਕਿਉਂ ਨਹੀਂ ਹੋ ਸਕਦਾ ਕਿ ਸਾਡੇ ਕੋਲ ਏਨਾ ਸਾਰਾ ਪੈਸਾ ਹੋਵੇ ਕਿ ਸਭ ਖ਼ੁਸ਼ ਹੋ ਜਾਣ !
ਕਿਉਂ ਨਹੀਂ?
ਤੁਹਾਡੀ ਸੱਮਸਿਆਂ ਕੀ ਹੈ ?
ਉਹ ਨਹੀਂ ! ਬਿਲਕੁਲ ਨਹੀਂ !
ਠੀਕ ਹੈ, ਠੀਕ ਹੈ ! ਤਾਂ ਤੁਸੀਂ ਸੋਚਦੇ ਹੋ ਕਿ ਜੇ ਸਭ ਕੋਲ ਕਾਫ਼ੀ ਸਾਰਾ ਪੈਸਾ ਹੋਵੇ ਤਾਂ ਸਭ ਖ਼ੁਸ਼ ਹੋ ਜਾਣਗੇ ?



ਤਾਂ ਫਿਰ ਆਓ ਕਲਾਸ ਦੇ ਟ੍ਰਿਪ ਤੇ ਚੱਲੀਏ !
ਉਸ ਨੇ ਆਪਣਾ ਹੱਥ ਘੁਮਾਇਆ ਤੇ ਉਹ ਪਹੁੰਚ ਗਏ ਇਕ ਨਵੀਂ ਦੁਨੀਆਂ ਵਿਚ !
GAME
THEATER
GREAME
ਉਸ ਦੁਨੀਆਂ ਵਿਚ 'ਜੀਆਇਆਂ ਨੂੰ' ਜਿੱਥੇ ਹਰ ਪਾਸੇ ਪੈਸਾ ਹੀ ਪੈਸਾ ਹੈ। ਜਿੰਨਾ ਚਾਹੋ, ਲੈ ਲਓ ਤੇ ਜੋ ਜੀਅ ਕਰੇ ਉਸ ਪੈਸੇ ਨਾਲ ਕਰੋ। ਤਾਂ ਦੱਸੋ, ਕਿੰਨਾ ਪੈਸਾ ਤੁਹਾਨੂੰ ਚਾਹੀਦਾ ਹੈ ?
500 ਰੁਪਏ ! ਅਸੀਂ ਆਪਣੀ ਪਸੰਦ ਦੀ ਹਰ ਚੀਜ਼ ਖ਼ਰੀਦਾਂਗੇ !
ਠੀਕ ਹੈ !
ਵਿਦਿਆਰਥੀਆਂ ਨੇ ਆਪਣੇ ਪੈਸੇ ਨਾਲ ਖੂਬ ਮਜ਼ਾ ਲੁੱਟਿਆ।



ਬੱਚੇ ਖੇਡਾਂ ਲਈ ਕਤਾਰ ਲਗਾਈ ਖੜੇ ਹਨ ।
ਰੁ. 100 ਪ੍ਰਤੀ ਖੇਡ, ਕਿੰਨੀ ਵਾਜਬ ਕੀਮਤ ਹੈ ਨਾ !
GAMES
ਰੁ. 100/-
ਹੌਲੀ-ਹੌਲੀ, ਕਈ ਹੋਰ ਬੱਚੇ ਕਤਾਰ ਵਿਚ ਆ ਲੱਗੇ ।
ਤੇ ਜਿਵੇਂ- ਜਿਵੇਂ ਮੰਗ ਵਧੀ, ਕੀਮਤ ਵੀ ਵਧਦੀ ਗਈ...
ਰੁ. 150/-
ਰੁ. 200/-
ਰੁ. 300/-
ਕੁਝ ਤਾਂ ਅਜੇ ਵੀ ਇਹ ਖ਼ਰਚਾ ਕਰ ਸਕਦੇ ਸਨ, ਪਰ ਜ਼ਿਆਦਾਤਰ ਨਹੀਂ ਕਰ ਸਕਦੇ ਸਨ ।
ਪੈਸਾ ਹੋਣ ਦਾ ਕੀ ਫ਼ਾਇਦਾ ਜੇ ਅਸੀਂ ਉਹ ਨਹੀਂ ਕਰ ਸਕਦੇ, ਜੋ ਸਾਡਾ ਦਿਲ ਕਰਦਾ ਹੈ ?
ਹਾਂ, ਉਹ ਜ਼ਿਆਦਾ ਕਨਸੋਲ ਕਿਉਂ ਨਹੀਂ ਬਣਾਉਂਦੇ, ਕਿ ਅਸੀਂ ਸਾਰੇ ਖੇਡ ਸਕੀਏ ?




ਪਰ ਸਥਾਨ ਕਿੱਥੇ ਹੈ ? ਇਸ ਕਮਰੇ ਵਿਚ ਮੁਸ਼ਕਲ ਨਾਲ ਥਾਂ ਹੈ, ਜਿੱਥੇ ਅਸੀਂ ਸਾਰੇ ਖੜੋ ਸਕੀਏ, ਫਿਰ ਹੋਰ ਕਨਸੋਲ ਕਿੱਥੇ ਰੱਖੇ ਜਾਣਗੇ ?
ਮਨੀ ਕੁਮਾਰ !!!
ਮਨੀ ਕੁਮਾਰ !!!
ਮਨੀ ਕੁਮਾਰ !!!
ਏਦਾਂ ਕਿਉਂ ਹੁੰਦਾ ਹੈ ਕਿ ਜਦੋਂ ਢੇਰਾਂ ਪੈਸਾ ਹੋਣ ਦੇ ਬਾਵਜੂਦ ਅਸੀਂ ਉਹ ਕੁਝ ਨਹੀਂ ਕਰ ਸਕਦੇ ਜੋ ਅਸੀਂ ਕਰਨਾ ਚਾਹੁੰਦੇ ਹਾਂ ? ਭਲਾ ਕਾਫ਼ੀ ਚੀਜ਼ਾਂ ਉਪਲਬੱਧ ਕਿਉਂ ਨਹੀਂ ਹਨ ?
ਤੇ ਝੱਟ ਹੀ ਪ੍ਰਗਟ ਹੁੰਦੇ ਹਨ ਮਨੀ ਕੁਮਾਰ !
ਇਹ ਇਸ ਤਰ੍ਹਾਂ ਹੁੰਦਾ ਹੈ ਜਦ ਪੈਸਾ ਬਹੁਤ ਜ਼ਿਆਦਾ ਹੋ ਜਾਏ ਪਰ ਉਤਪਾਦਨ ਦਾ ਮਾਲ ਥੋੜ੍ਹਾ ਹੋਵੇ। ਇਸ ਨੂੰ ਕਹਿੰਦੇ ਹਨ ਇਨਫ਼ਲੈਸ਼ਨ ਯਾਨੀ ਮੁੱਦਰਾ-ਵਿਸਤਾਰ ਅਤੇ ਕੀਮਤਾਂ ਵਿਚ ਵਾਧਾ।
ਮੁੱਦਰਾ-ਵਿਸਤਾਰ ?
ਜਦੋਂ ਬਹੁਤ ਜ਼ਿਆਦਾ ਪੈਸਾ ਬਹੁਤ ਥੋੜ੍ਹੀਆਂ ਵਸਤੂਆਂ ਪਿੱਛੇ ਦੌੜਨ ਲੱਗੇ ਤਾਂ ਵਸਤੂਆਂ ਦੇ ਭਾਅ ਵੱਧਣ ਲੱਗਦੇ ਹਨ। ਇਹੋ ਹੈ ਮੁੱਦਰਾ-ਵਿਸਤਾਰ। ਭਾਵੇਂ ਇਹ ਸਥਿਤੀ ਹਰੇਕ ਨੂੰ ਦੁਖੀ ਕਰਦੀ ਹੈ, ਗਰੀਬ ਲੋਕਾਂ ਦਾਂ ਤਾਂ ਇਹ ਲੱਕ ਤੋੜ ਕੇ ਰੱਖ ਦੇਂਦੀ ਹੈ।
ਇਹ ਕਿਉਂ ?
ਕਿਉਂਕਿ ਗਰੀਬ ਲੋਕਾਂ ਦੀ ਕੀਮਤਾਂ ਦੇ ਵਾਧੇ ਦੇ ਵਾਜ਼ਬ ਸੁਰੱਖਿਆ ਨਹੀਂ ਕੀਤੀ ਜਾਂਦੀ। ਉਹ ਆਪਣੀ ਰੋਜ਼ੀ-ਰੋਟੀ ਰੋਜ਼-ਬਰੋਜ਼ ਕਮਾਉਂਦੇ ਹਨ ਅਤੇ ਭਵਿੱਖ ਦੀਆਂ ਲੋੜਾਂ ਲਈ ਪੈਸਾ ਨਹੀਂ ਬਚਾ ਸਕਦੇ।
ਕੀ ਤੁਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ ?
ਬੇਸ਼ਕ ਮੈਂ ਕਰ ਸਕਦਾ ਹਾਂ ! ਆਓ, ਮੈਂ ਤੁਹਾਨੂੰ ਕੁਝ ਵਿਖਾਉਂਦਾ ਹਾਂ !


ਉਹ ਉਹਨਾਂ ਨੂੰ ਆਰ.ਬੀ.ਆਈ. ਹੈਡਕਵਾਰਟਜ਼ ਵਿਖੇ ਆਪਣੇ ਕੰਟਰੋਲ ਰੂਮ ਵਿਚ ਲੈ ਜਾਂਦਾ ਹੈ।
ਭਾਰਤੀ ਰਿਜ਼ਰਵ ਬੈਂਕ
RESERVE BANK OF INDIA
ਇਹ ਹੈ ਜੋ ਅਸੀਂ ਆਰ.ਬੀ.ਆਈ. ਵਿਚ ਕਰਦੇ ਹਾਂ !
ਜਿਵੇਂ ਕਿ ਉਹ ਵਿਆਜ ਦਰਾਂ ਨੂੰ ਉਪਰ ਲਿਜਾਉਂਦਾ ਹੈ...
INTEREST RATE
ਪਰਦੇ (ਸਕ੍ਰੀਨ) ਤੇ ਦਿਸਦਾ ਹੈ ਕਿ ਵਿਆਜ਼ ਦਰ ਦੇ ਵਧੱਣ ਨਾਲ ਬੈਕਾਂ ਤੋ ਬਾਜ਼ਾਰ ਵਿਚ ਜਾਣ ਵਾਲਾ ਪੈਸਾ ਘੱਟਦਾ ਹੈ। ਜਿਵੇਂ-ਜਿਵੇਂ ਪੈਸਾ ਵਧੇਰੇ ਮਹਿਗਾਂ ਹੁੰਦਾ ਹੈ, ਲੋਕ ਬੈਕਾਂ ਤੋ ਘੱਟ ਪੈਸਾ ਉਧਾਰ ਲੈਦੇਂ ਹਨ।
ਫਿਰ ਉਹ ਇਕ ਹੋਰ ਸਲਾਈਡਰ ਤਰਤੀਬ ਕਰਦਾ ਹੈ ਤਾਂ ਬਾਜ਼ਾਰ ਵਿਚੋਂ ਵਾਧੂ ਪੈਸਾ ਵਾਪਸ ਉਸ ਦੀ ਮਸ਼ੀਨ ਅੰਦਰ ਆ ਇਕੱਠਾ ਹੋ ਜਾਂਦਾ ਹੈ।
LIQUIDITY
ਹੁਣ ਸਕ੍ਰੀਨ ਵਿਖਾਉਂਦੀ ਹੈ ਵਿਡੀਓ-ਗੇਮ ਪਾਰਲਰ। ਵਿਡੀਓ-ਗੇਮ ਕਨਸੋਲ ਲਈ ਲਾਈਨ ਹੌਲੀ-ਹੌਲੀ ਘਟਦੀ ਹੈ ਤੇ ਇਸੇ ਤਰ੍ਹਾਂ ਟਿਕਟ ਕੀਮਤਾਂ ਵੀ।
ਰੁ.100
ਆਰ.ਬੀ.ਆਈ. ਕੀਮਤਾਂ ਵਿਚ ਉਛਾਲ ਨੂੰ ਪੂਰੀ ਤਰ੍ਹਾਂ ਨਹੀਂ ਰੋਕ ਸਕਦਾ। ਪਰ ਇਹ ਯਕੀਨਨ ਕਰ ਸਕਦਾ ਹੈ ਕਿ ਕੀਮਤਾਂ ਤੇਜ਼ੀ ਨਾਲ ਨਾ ਵਧੱਣ ਜਾਂ ਘੱਟਣ। ਤੇ ਇਸ ਤਰ੍ਹਾਂ ਲੋਕਾਂ ਪਾਸ ਕਾਫ਼ੀ ਸਮਾਂ ਹੁੰਦਾ ਹੈ ਕਿ ਉਹ ਭਵਿੱਖ ਨਾਲ ਨਿਪਟਣ ਲਈ ਲੋੜੀਦੀਂ ਬਚਤ ਕਰ ਸਕਣ।


ਲੋਕਾਂ ਲਈ ਉਪਲਬੱਧ ਪੈਸੇ'ਤੇ ਕਾਬੂ ਰੱਖ ਕੇ ਕੀਮਤਾਂ ਨੂੰ **ਸਥਿਰ ਰੱਖਣ** ਵਿਚ ਮਦਦ ਮਿਲਦੀ ਹੈ। ਰਿਜ਼ਰਵ ਬੈਂਕ ਪੈਸੇ ਦੀ ਉਪਲੱਬਧਤਾ ਤੇ ਕਾਬੂ ਰੱਖ ਸਕਦਾ ਹੈ ਜਾਂ ਤਾਂ ਹੋਰ ਪੈਸਾ ਪ੍ਰਦਾਨ ਕਰਕੇ, ਜਾਂ ਫਿਰ ਬੈਂਕਾਂ ਵਿਚੋ ਵਾਧੂ ਪੈਸਾ ਵਾਪਸ ਲੈ ਕੇ।
ਇਸ ਤਰ੍ਹਾਂ, ਲੋਕਾਂ ਨੂੰ ਉਪਲਬੱਧ ਪੈਸੇ ਉੱਤੇ ਕਾਬੂ ਪਾਉਣ ਲਈ, ਪੈਸੇ ਦੀ ਕੀਮਤ, ਯਾਨੀ ਵਿਆਜ ਦਰਾਂ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।
ਕੀ ਇਹ ਅਜੇ ਵੀ ਗੁੰਝਲਦਾਰ ਮਾਮਲਾ ਲੱਗਦਾ ਹੈ ?
ਨਹੀਂ ਮਨੀ ਕੁਮਾਰ ! ਹੁਣ ਅਸੀਂ ਸਮਝਦੇ ਹਾਂ ਕੀਮਤਾਂ ਦੀ ਸਥਿਰਤਾ ਨੂੰ।
ਵਾਪਸ ਜਮਾਤ ਵਿਚ।
ਤਾਂ ਫਿਰ ਤੁਸੀਂ ਅਸੀਮਤ ਪੈਸੇ ਨਾਲ ਕੀ ਪਾਇਆ ?
ਅਸੀਮਤ ਬਿਪਦਾ !!!
...ਤੇ ਸਭ ਦੇ ਹਾਸੇ ਫੁੱਟ ਨਿਕਲੇ !!!


ਤਾਂ ਤੁਸੀਂ ਕੀਮਤਾਂ ਨੂੰ ਸਥਿਰਤਾ ਦੇਣ ਨੂੰ ਯਕੀਨੀ ਬਣਾਉਂਦੇ ਹੋ ?
ਹਾਂ ! ਤੇ ਇਹ ਕਰਕੇ, ਮੈਂ ਇਹ ਯਕੀਨੀ ਬਣਾਉਂਦਾ ਹਾਂ ਕਿ ਰਾਸ਼ਟਰ ਇਕਸਾਰ ਤਰੱਕੀ ਕਰਕੇ ਅੱਗੇ ਵਧੱਦਾ ਰਹੇ।
ਸਹਿਜ–ਚਾਲੇ ਰਫ਼ਤਾਰ ?! ਕਿਉਂ ? ਜੇ ਭਾਰਤ ਛਾਲਾਂ ਮਾਰਦਾ ਹੋਇਆ ਤਰੱਕੀ ਕਰੇ, ਤਾਂ ਤੁਹਾਡੀ ਕੀ ਸਮੱਸਿਆ ਹੈ ?
ਮੇਰੀ ਕੋਈ ਸਮੱਸਿਆ ਨਹੀਂ। ਪਰ ਜੇ ਤਰੱਕੀ ਇਕਸਾਰ ਨਾ ਹੁੰਦੀ ਰਹੇ, ਤਾਂ ਨਤੀਜੇ ਬੜੇ ਭਿਆਨਕ ਨਿਕਲ ਸਕਦੇ ਹਨ।
ਭਲਾ ਇਹ ਕਿਵੇਂ ?
ਤੁਸੀਂ ਵੇਖਣਾ ਚਾਹੁੰਦੇ ਹੋ...?
ਉਹ ਵਾਵਰੋਲੇ ਵਾਂਗ ਹੱਥ ਨੂੰ ਘੁਮਾਉਂਦਾ ਹੈ ਤੇ ਉਹ ਪਹੁੰਚ ਜਾਂਦੇ ਹਨ ਇਕ ਨਵੀਂ ਦੁਨੀਆਂ ਵਿਚ।
ਆਓ ਪੈਰ ਧਰੋ ਇਸ ਦੁਨੀਆਂ ਵਿਚ ਜਿੱਥੇ ਤੁਸੀਂ ਹੋਵੋਗੇ ਕਰਤਾ–ਧਰਤਾ। ਜੇ ਕੋਈ ਮੁਸ਼ਕਲ ਹੋਵੇ ਤਾਂ ਮੈਨੂੰ ਬੁਲਾ ਲੈਣਾ।
ਆਰ.ਬੀ.ਆਈ. ਦੇ ਕੰਟਰੋਲ ਰੂਮ ਵਿਚ।
ਆਓ ਅਸੀਂ ਹੋਰ ਵਧੇਰੇ **ਤਰੱਕੀ** ਦੀ ਹੌਂਸਲਾਅਫ਼ਜ਼ਾਈ ਕਰੀਏ। ਸਭ ਕੰਪਨੀਆਂ ਨੂੰ ਕਹੋ ਕਿ ਆਪਣਾ ਉਤਪਾਦਨ ਵਧਾਉਣ ਅਤੇ ਸਿੱਟੇ ਵਜੋਂ ਸਭ ਲੋਕਾਂ ਦੀ ਆਮਦਨ।


ਉਹ ਇਕ ਬਟਨ ਦਬਾਉਂਦੇ ਹਨ ਤੇ ਕਾਰਪੋਰੇਟ ਮੁੱਖੀ ਸਕ੍ਰੀਨ'ਤੇ ਦਿਸਦੇ ਹਨ।
ਭੈਣੋ ਅਤੇ ਸੱਜਣੋ, ਧਿਆਨ ਦਿਓ। ਅਸੀਂ ਚਾਹੁੰਦੇ ਹਾਂ ਕਿ ਦੇਸ਼ ਤਰੱਕੀ ਕਰੇ। ਇਸ ਲਈ ਆਪਣਾ ਉਤਪਾਦਨ ਵਧਾਉਣ ਲਈ ਪੂਰਾ ਜ਼ੋਰ ਲਗਾਓ।
ਪਰ ਇਹ ਕੁਝ ਕਰਨ ਲਈ ਸਾਨੂੰ ਹੋਰ ਵਧੇਰੇ ਸੰਸਾਧਨਾਂ ਦੀ ਲੋੜ ਪਏਗੀ !
ਜਿੰਨੇ ਚਾਹੀਦੇ ਹਨ, ਸੰਸਾਧਨਾਂ ਦੇ ਬਕਸੇ ਲੈ ਜਾਓ।
ਹਿਦਾਇਤਾਂ ਅਨੁਸਾਰ, ਕਰਮਚਾਰੀ/ਕਿਰਤੀ ਜਿੰਨੇ ਚਾਹੀਦੇ ਹਨ, ਸੰਸਾਧਨਾਂ ਦੇ ਬਕਸੇ ਉਠਾ / ਚੁਕ ਕੇ ਲੈ ਜਾਂਦੇ ਹਨ।
ਵਧੇਰੇ ਸੰਸਾਧਨਾਂ ਨਾਲ, ਫ਼ੈਕਟਰੀਆਂ ਵੱਧ ਤੋਂ ਵੱਧ ਮਾਲ ਦਾ ਉਤਪਾਦਨ ਕਰਨ ਲਗਦੀਆਂ ਹਨ।
ਦੁਕਾਨਾਂ ਸਮਾਨ ਨਾਲ ਭਰੀਆਂ ਹਨ ਅਤੇ ਲੋਕਾਂ ਕੋਲ ਖ਼ੂਬ ਪੈਸਾ ਹੈ ਖ਼ਰੀਦਣ ਲਈ।


ਅਸਮਾਨ ਨੂੰ ਛੂ ਰਿਹਾ ਵਿਕਾਸ !
ਰੋਜ਼ਗਾਰ ਦੀਆਂ ਉੱਚੀਆਂ ਦਰਾਂ !
ਜਦੋਂ ਵਿਦਿਆਰਥੀ ਆਪਣੀ ਕਾਮਯਾਬੀ ਦਾ ਜਸ਼ਨ ਮਣਾ ਰਹੇ ਹੁੰਦੇ ਹਨ...
... ਤਾਂ ਅਲਾਰਮ ਰੁਕਾਵਟ ਪਾ ਦੇਂਦਾ ਹੈ।
ਉਹ ਮੁੱਖ ਸਕ੍ਰੀਨ ਵੱਲ ਮੁੜ ਕੇ ਵੇਖਦੇ ਹਨ ਕਿ ਕੀ ਹੋਇਆ !
ਸੰਸਾਧਨਾਂ ਦੀ ਇਕ ਸੀਮਾ ਹੈ, ਉਤਪਾਦਨ ਨੂੰ ਹੋਰ
ਵਧਾਇਆ ਨਹੀਂ ਜਾ ਸਕਦਾ ।
ਵਧੇਰੇ ਰੋਜ਼ਗਾਰ ਦਾ ਮਤਲਬ ਹੈ ਵਧੇਰੇ ਖ਼ਰਚੇ ।
ਅਤੇ ਵਧੇਰੇ ਮੰਗ ਨੇ ਵਧਾ ਦਿੱਤੀ ਮਹਿੰਗਾਈ ।
ਹੁਣ ਲੋਕ ਪੈਸੇ ਨਾਲ ਭਰੇ ਥੈਲੇ ਨਾਲ ਵੀ ਕਈ ਚੀਜ਼ਾ ਨਹੀਂ ਖ਼ਰੀਦ ਸਕਦੇ !
ਮਨੀ ਕੁਮਾਰ ਨੂੰ ਚਿੰਤਾ ਹੋਣ ਲਗਦੀ ਹੈ... ਪਰ ਉਹ ਉਡੀਕ ਕਰਦਾ ਹੈ
ਕਿ ਸ਼ਾਇਦ ਵਿਦਿਆਰਥੀ ਉਹਨੂੰ ਵਾਪਸ ਬੁਲਾਣ ।


ਕਿਉਂਕਿ ਮਾਲ ਵਿਕ ਨਹੀਂ ਰਿਹਾ, ਇਸ ਲਈ ਫ਼ੈਕਟਰੀਆਂ ਉਤਪਾਦਨ ਘੱਟਾ ਦੇਂਦੀਆਂ
ਹਨ ਤੇ ਕਰਮਚਾਰੀਆਂ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ ।
ਬੇਰੋਜ਼ਗਾਰੀ ਵਧੱਣ ਦਾ ਮਤਲਬ ਹੈ ਹੋਰ ਘੱਟ ਵਿਕਰੀ...
...ਫ਼ੈਕਟਰੀਆਂ ਨੂੰ ਮਜਬੂਰਨ ਬੰਦ ਹੋਣਾ ਪੈਂਦਾ ਹੈ ।
CLOSE
ਅਰਥ ਵਿਵਸਥਾ ਮੰਦੀ ਦੇ ਦੌਰ ਵਿਚ ਦਾਖ਼ਲ ਹੁੰਦੀ ਹੈ,
ਜਿਸ ਵਿਚੋਂ ਮੁੜ ਉਭਰਨ ਲਈ ਇਕ ਲੰਮਾ ਸਮਾਂ ਲਗੇਗਾ ।
ਸਥਿਤੀ ਬਦ ਤੋਂ ਬਦਤਰ ਹੁੰਦੀ ਜਾਂਦੀ ਹੈ । ਜੋ ਲੋਕ ਮਾਲ ਨਹੀਂ ਖ਼ਰੀਦ ਸਕਦੇ,
ਉਹ ਦੰਗੇਂ ਅਤੇ ਲੁੱਟ-ਮਾਰ ਕਰਨ ਲੱਗ ਜਾਂਦੇ ਹਨ ।
ਹਾਲਾਤ ਬੇਕਾਬੂ ਹਨ !


ਵਿਦਿਆਰਥੀ ਮਨੀ ਕੁਮਾਰ ਨੂੰ ਵਾਪਸ ਬੁਲਾਣ ਦਾ ਫ਼ੈਸਲਾ ਕਰਦੇ ਹਨ।
ਵਿਕਾਸ ਤੇਜ਼ੀ ਨਾਲ ਹੇਠਾਂ ਡਿਗਦਾ ਹੈ!!!
ਬੇਰੋਜ਼ਗਾਰੀ ਬਹੁਤ ਵੱਧ ਜਾਂਦੀ ਹੈ!!!
ਮਨੀ ਕੁਮਾਰ!!!
ਅ...ਅ.. ਜਾਪਦਾ ਹੈ ਜਿਵੇਂ ਤੁਸੀਂ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਕਰ ਲਈਆਂ ਹਨ।
ਮੈਨੂੰ ਪੱਕਾ ਯਕੀਨ ਹੈ ਕਿ ਤੁਸੀਂ ਇਸ ਬਾਰੇ ਕੁਝ ਨਾ ਕੁਝ ਜ਼ਰੂਰ ਕਰ ਸਕਦੇ ਹੋ।
ਅਫ਼ਸੋਸ ਹੈ ਕਿ ਏਨੀ ਜਲਦੀ ਕੁਝ ਸੁਧਾਰ ਨਹੀਂ ਕਰ ਸਕਦਾ। ਅਰਥ ਵਿਵਸਥਾ ਨੂੰ ਮੁੜ ਪਹਿਲੇ ਵਾਲੇ ਪੱਧਰ'ਤੇ ਆਉਣ ਵਿਚ ਕੁਝ ਵਕਤ ਲਗੇਗਾ। ਪਰ ਏਨੇ ਵਿਚ ਜੋ ਨੁਕਸਾਨ ਹੋਏਗਾ... ਸ਼ੁਕਰ ਹੈ, ਇਹ ਅਸਲੀ ਦੁਨੀਆਂ ਨਹੀਂ!!!
ਆਓ ਅਸੀਂ ਮੁੜ ਅਸਲੀ ਦੁਨੀਆਂ ਵਿਚ ਚਲੀਏ, ਜਿੱਥੇ ਭਾਰਤੀ ਰਿਜ਼ਰਵ ਬੈਂਕ ਹਰ ਚੀਜ਼ ਉੱਤੇ ਨਜ਼ਦੀਕੀ ਨਿਗਰਾਨੀ ਕਰਦਾ ਰਹਿੰਦਾ ਹੈ !


ਮਨੀ ਕੁਮਾਰ ਉਹਨਾਂ ਨੂੰ ਵਾਪਸ ਅਸਲੀ ਦੁਨੀਆਂ ਵਿਚ ਲੈ ਜਾਂਦਾ ਹੈ।
ਵੇਖੋ, ਭਾਰਤੀ ਰਿਜ਼ਰਵ ਬੈਂਕ ਵਿਖੇ ਅਸੀਂ ਬਹੁਤ ਕੁਝ ਕਰਦੇ ਹਾਂ। ਸ਼ਾਇਦ ਤੁਹਾਡਾ ਸਾਡੇ ਨਾਲ ਸਿੱਧੇ ਤੌਰ'ਤੇ ਸੰਪਰਕ ਨਾ ਪਏ। ਪਰ ਅਸੀਂ ਤੁਹਾਡੇ ਨਾਲ ਆਪਣਾ ਵਿਵਹਾਰ ਹਮੇਸ਼ਾਂ ਕਰਦੇ ਰਹਿੰਦੇ ਹਾਂ। ਹਮੇਸ਼ਾਂ !
ਸਾਡੀਆਂ ਨੀਤੀਆਂ ਤੁਹਾਡੇ ਜੀਵਨ ਦੇ ਲਗਭਗ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੀਆਂ ਹਨ। ਭਾਵੇਂ ਲੋਕਾਂ ਨੂੰ ਆਮ ਤੌਰ'ਤੇ ਇਸ ਦਾ ਅਹਿਸਾਸ ਨਹੀਂ ਹੁੰਦਾ। ਮੈਨੂੰ ਉਮੀਦ ਹੈ ਕਿ ਹੁਣ ਤੁਸੀਂ ਆਰ.ਬੀ.ਆਈ. ਦੀ ਭੂਮਿਕਾ ਨੂੰ ਬਖ਼ੂਬੀ ਸਮਝ ਸਕੋਗੇ।


ਹੁਣ ਮੈਂ ਸਮਝਾਵਾਂਗੀ, ਵਿੱਤੀ ਨੀਤੀ ਦੇ ਤੀਜੇ ਥੰਮ੍ਹ ਬਾਰੇ-ਯਾਨੀ ਵਿੱਤੀ ਸਥਿਰਤਾ। (ਅਧਿਆਪਿਕਾ ਫ਼ਿਰ ਯਤਨ ਕਰਦੀ ਹੈ ਪਰ ਵਿਦਿਆਰਥੀਆਂ ਦੇ ਪੱਲੇ ਕੁਝ ਨਹੀਂ ਪੈਂਦਾ।)
ਪਰ ਆਮ ਆਦਮੀ ਦਾ ਇਸ ਨਾਲ ਕੀ ਸਰੋਕਾਰ ? ਮੈਂ ਸੋਚਦਾਂ ਹਾਂ, ਇਸ ਦਾ ਬਹੁਤ ਮਹੱਤਵ ਨਹੀਂ ਹੈ।
ਮਨੀ ਕੁਮਾਰ, ਤੁਸੀਂ ਕਿਉਂ ਨਹੀਂ ਸਮਝਾਉਂਦੇ ?
ਸੋ ਤੁਸੀਂ ਸਭ ਪਿਕਨਿਕ ਤੇ ਜਾਣਾ ਚਾਹੁੰ ਦੇ ਹੋ, ਹੈ ਕਿ ਨਹੀਂ ?
ਹੁੰ... ਤਾਂ ਤੁਸੀਂ ਪਿਕਨਿਕ ਤੇ ਜਾਣ ਚਾਹੁੰਦੇ ਹੋ ? ਠੀਕ ਹੈ, ਤੁਸੀਂ ਪਿਕਨਿਕ'ਤੇ ਜਾਓ ਅਤੇ ਮੈਨੂੰ ਵੀ ਛੁੱਟੀ ਲੈਣ ਦਿਓ।
ਵਾਹ !
ਹਾਂ !
ਹਾਂ ਬਿਲਕੁਲ ! ਅਸੀਂ ਵੀ ਉਹ ਦੁਨੀਆਂ ਵੇਖਦੇ ਹਾਂ, ਜਿੱਥੇ ਤੁਸੀਂ ਛੁੱਟੀਆਂ ਮਾਣ ਰਹੇ ਹੋਵੋ।
ਮਨੀ ਕੁਮਾਰ ਉਹਨਾਂ ਨੂੰ ਬਹੁਤ ਸਾਰੇ ਪੈਸੇ ਦੇਂਦਾ ਹੈ ਅਤੇ ਲੈ ਜਾਂਦਾ ਹੈ ਇਕ ਦੂਜੀ ਦੁਨੀਆਂ ਵਿਚ।


ਰਾਹੁਲ, ਟੀਨਾ ਅਤੇ ਅਰੂਨ ਖ਼ੁਸ਼ ਹਨ ਕਿ ਉਹ ਆਪਣੀ ਸੁਫ਼ਨਿਆਂ ਦੀ ਦੁਨੀਆਂ ਵਿਚ ਹਨ ਤੇ ਕੋਲ ਭਰਪੂਰ ਪੈਸਾ ਵੀ ਹੈ !
ਇਹ ਤਾਂ ਬੜਾ ਭਾਰਾ ਹੈ। ਸੋਚਦੀ ਹਾਂ ਮੈਂ ਇਹਨੂੰ ਬੈਂਕ ਵਿਚ ਹੀ ਰੱਖ ਦੇਵਾਂ।
ਇਸ ਲਈ ਟੀਨਾ ਆਪਣਾ ਪੈਸਾ ਬੈਂਕ ਵਿਚ ਜਮ੍ਹਾ ਕਰਾ ਦੇਂਦੀ ਹੈ।
ਏਨੇ ਵਿਚ, ਰਾਹੁਲ ਦੀ ਨਜ਼ਰ ਪੈਂਦੀ ਹੈ ਇਕ ਖ਼ੂਬਸੂਰਤ ਮੋਪਡ ਤੇ।
ਉਹ ਮੋਪਡ ਖ਼ਰੀਦਣਾ ਚਾਹੁੰਦਾ ਹੈ, ਪਰ ਪੈਸਾ ਕੁਝ ਥੋੜ੍ਹਾ ਹੈ।
ਇਸ ਲਈ ਉਹ ਬੈਂਕ ਵਿਚ ਚਲਾ ਜਾਂਦਾ ਹੈ।
ਮੈਨੂੰ ਮੋਪਡ ਖ਼ਰੀਦਣ ਲਈ ਕੁਝ ਪੈਸਾ ਚਾਹੀਦਾ ਹੈ।




ਹਾਂ ਇਹ ਲਉ ! ਵਿਆਜ
ਸਹਿਤ ਭੁਗਤਾਨ ਵਾਪਸ ਕਰੋ ।
ਬੈਂਕ ਮੈਨੇਜਰ ਟੀਨਾ ਦਾ ਪੈਸਾ ਰਾਹੁਲ ਨੂੰ ਦੇ ਦੇਂਦਾ ਹੈ...
ਉਹ ਪੈਸੇ ਦੀ ਵਰਤੋਂ ਮੋਪਡ ਖ਼ਰੀਦਣ ਲਈ ਕਰਦਾ ਹੈ ।
ਇਕ ਹਫ਼ਤਾ ਬਾਅਦ...
ਵਾਹ ! ਸੋਹਣਾ ਮੋਪਡ ਹੈ ਰਾਹੁਲ !
ਹਾਂ ! ਤੁਹਾਨੂੰ ਵੀ ਇਕ ਖ਼ਰੀਦ ਲੈਣਾ ਚਾਹੀਦਾ ਹੈ !
ਇਸ ਲਈ ਟੀਨਾ ਆਪਣੇ ਪੈਸੇ ਲਈ ਵਾਪਸ ਜਾਂਦੀ ਹੈ ।
ਮੇਰੀ ਇੱਛਾ ਆਪਣਾ ਪੈਸਾ ਕਢਾਉਣ ਦੀ ਹੈ ।
ਪਰ ਮੈਂ ਤੁਹਾਡਾ ਪੈਸਾ ਕਿਸੇ ਹੋਰ ਨੂੰ ਦੇ ਦਿੱਤਾ ਹੈ । ਮੇਰੇ ਕੋਲ ਪੈਸਾ ਨਹੀਂ ਹੈ...
...ਅਤੇ ਮਨੀ ਕੁਮਾਰ, ਜੋ ਆਮ ਤੌਰ'ਤੇ ਉਦੋਂ ਪੈਸਾ ਪ੍ਰਦਾਨ ਕਰਦਾ ਹੈ ਜਦੋਂ ਸਾਨੂੰ ਲੋੜ ਪੈਂਦੀ ਹੈ, ਛੁੱਟੀਆਂ'ਤੇ ਗਏ ਹਨ ।
ਟੀਨਾ ਉਦਾਸ ਹੈ !




ਤੇ ਉਹ ਇਕੱਲੀ ਨਹੀਂ ਹੈ...
ਮੈਂ ਆਪਣੇ ਜੀਵਨ ਭਰ ਦੀ ਬਚਤ ਇਸ ਬੈਂਕ ਵਿਚ ਜਮ੍ਹਾ ਕਰਵਾ ਦਿੱਤੀ ਸੀ । ਹੁਣ ਮੈਨੂੰ ਆਪਣਾ ਹੀ ਪੈਸਾ ਵਾਪਸ ਨਹੀਂ ਮਿਲ ਰਿਹਾ !
ਮੈਂ ਹੁਣ ਆਪਣੇ ਬੱਚਿਆਂ ਨੂੰ ਵਿਦਿਆ ਕਿਵੇਂ ਦਿਵਾਵਾਂਗਾ ?
ਜੇ ਮੈਨੂੰ ਆਪਣੀ ਬਚਤ ਦੀ ਰਕਮ ਵਾਪਸ ਨਹੀਂ ਮਿਲੇਗੀ ਤਾਂ ਮੈਂ ਆਪਣੀ ਪਤਨੀ ਦਾ ਅਪ੍ਰੇਸ਼ਨ ਕਿਵੇਂ ਕਰਵਾਵਾਂਗਾ ?
ਬੈਂਕ ਮੈਨੇਜਰ ਨੇ ਜਿਹੜੇ ਕਰਜ਼ੇ ਦਿੱਤੇ ਸਨ, ਉਹ ਬੈਂਕ ਨੂੰ ਵਾਪਸ ਨਹੀਂ ਮਿਲ ਰਹੇ ।
ਜੋ ਲੋਕ ਪੈਸਾ ਜਮ੍ਹਾ ਕਰਾਉਣ ਆਏ ਸਨ, ਉਹਨਾਂ ਦੇ ਹੌਂਸਲੇ ਟੁੱਟ ਜਾਂਦੇ ਹਨ ।
ਮੈਂ ਹੁਣ ਆਪਣਾ ਪੈਸਾ ਇਥੇ ਕਿਉਂ ਰੱਖਾਂ ? ਸ਼ਾਇਦ ਮੈਂ ਇਸ ਨੂੰ ਗਵਾ ਹੀ ਲਵਾਂ !
ਟੀਨਾ ਖੁਦ ਨੂੰ ਬੇਮਦਦ ਮਹਿਸੂਸ ਕਰਦੀ ਹੈ ।
ਏਨੇ ਵਿਚ
ਆਹ ਅਰੁਨ ! ਤੈਨੂੰ ਵੀ ਇਕ ਖ਼ਰੀਦ ਲੈਣਾ ਚਾਹੀਦਾ ਹੈ ।
ਵਾਹ ! ਲਾਜਵਾਬ ਹੈ ਇਹ ਮੋਪਡ !!


ਅਰੁਨ ਕਰਜ਼ੇ ਲਈ ਇਕ ਹੋਰ ਬੈਂਕ ਵਿਚ ਗਿਆ।
ਮੈਨੂੰ ਮੋਪਡ ਖ਼ਰੀਦਣ ਲਈ ਕੁਝ ਕਰਜ਼ੇ ਦੀ ਲੋੜ ਹੈ।
ਮੈਨੂੰ ਅਫ਼ਸੋਸ ਹੈ, ਸਾਡੇ ਕੋਲ ਪੈਸੇ ਨਹੀਂ ਹਨ। ਮੇਰੇ ਉਧਾਰ ਲੈਣ ਵਾਲਿਆ ਨੇ ਉਹ ਪੈਸੇ ਨਹੀਂ ਮੋੜੇ ਜਿਸ ਦੀ ਉਮੀਦ ਸੀ। ਅਤੇ ਐਸੀ ਹਾਲਤ ਵਿਚ ਪੈਸਾ ਪ੍ਰਦਾਨ ਕਰਨ ਵਾਲਾ ਮਨੀ ਕੁਮਾਰ ਹੈ ਛੁੱਟੀ'ਤੇ !
ਅਰੁਨ ਬੜਾ ਨਿਰਾਸ਼ ਹੋਇਆ।
ਤੇ ਉਹ ਐਸਾ ਇਕੱਲਾ ਨਹੀਂ ਸੀ, ਜਿਸ ਨੂੰ ਕਰਜ਼ਾ ਨਹੀਂ ਮਿਲਿਆ।
BANK
ਮੈਂ ਹੁਣ ਆਪਣੀ ਪੁੱਤਰੀ ਦੀ ਸ਼ਾਦੀ ਕਿਵੇਂ ਕਰਾਂਗਾ ?
ਮੈਨੂੰ ਘਰ ਖ਼ਰੀਦਣ ਲਈ ਪੈਸਾ ਚਾਹੀਦਾ ਹੈ। ਮੈਂ ਹੁਣ ਇਹ ਕਿਵੇਂ ਖ਼ਰੀਦਾਂਗਾ ?
ਇਸੇ ਹਲਚਲ ਵਿਚ ਰਾਹੁਲ, ਟੀਨਾ ਅਤੇ ਅਰੁਨ ਇਕ ਦੂਸੇਰ ਨੂੰ ਮਿਲਦੇ ਹਨ।
ਸਿਰਫ਼ ਮਨੀ ਕੁਮਾਰ ਹੀ ਉਪਾਅ ਕਰ ਸਕਦਾ ਹੈ।
ਮਨੀ ਕੁਮਾਰ !!!


ਜਾਪਦਾ ਹੈ, ਜਿਵੇਂ ਮੇਰੀਆਂ ਛੁੱਟੀਆਂ ਦਾ ਬੜਾ ਸਖ਼ਤ ਨਤੀਜਾ ਨਿਕਲਿਆ ਹੈ।
ਮਨੀ ਕੁਮਾਰ, ਮੈਂ ਸਮਝ ਨਹੀਂ ਸਕਦਾ ਕਿ ਕੀ ਹੋ ਰਿਹਾ ਹੈ। ਬੈਂਕਾਂ ਨੂੰ ਕੀ ਹੋ ਗਿਆ ਹੈ ? ਕੁਝ ਵੀ ਐਸਾ ਨਹੀਂ ਜਿਸ ਬਾਰੇ ਤੁਸੀਂ ਕੁਝ ਕਰ ਸਕੋ ?
ਬਿਲਕੁਲ, ਮੈਂ ਜ਼ਰੂਰ ਕਰ ਸਕਦਾ ਹਾਂ !
ਉਹ ਉਹਨਾਂ ਨੂੰ ਕੰਟਰੋਲ ਰੂਮ ਵਿਚ ਲੈ ਜਾਂਦਾ ਹੈ।
ਉਹ ਇਕ ਬਟਨ ''ਕੈਪਿਟਲ'' ਦਬਾਉਂਦਾ ਹੈ ਅਤੇ ਪੈਸਾ ਭਾਰਤੀ ਰਿਜ਼ਰਵ ਬੈਂਕ ਤੋਂ ਬੈਂਕਾਂ ਵੱਲ ਜਾਣ ਲਗਦਾ ਹੈ।
RBI BANK
BANK
ਫਿਰ ਉਹ ਕੁਝ ਜ਼ਰੂਰੀ ਕਾਲਾਂ ਕਰਦਾ ਹੈ।
?
?
?
ਕ੍ਰਿਪਾ ਕਰ ਕੇ ਕੁਝ ਕਰੋ...... ਜੋਖਮਾਂ ਦਾ ਮੁਲਾਂਕਣ... ... ਵਿਵੇਕਪੂਰਨ ਮਾਪਦੰਡ...... ਮੂਲ ਧਨ ਦਾ ਕਾਫ਼ੀ ਹੋਣਾ... ... ਬੇਕਾਰ ਹੋਏ ਕਰਜ਼ਿਆਂ ਨੂੰ ਉਗ੍ਰਾਹੁਣਾ......


ਬੈਂਕ ਦੇ ਮੈਨੇਜਰ ਨੇ ਹਾਮੀ ਭਰੀ।
ਅਤੇ ਹੌਲੀ ਹੌਲੀ, ਬੈਂਕ ਫਿਰ ਤੋਂ ਤੰਦਰੁਸਤ ਹੋ ਗਏ।
BANK OF
ਗਾਹਕ ਬੈਂਕਾਂ ਵਿਚ ਆਉਣ ਲੱਗੇ। ਕੁਝ ਜਮ੍ਹਾ ਕਰਾਉਣ। ਕੁਝ ਪੈਸੇ ਕਢਾਉਣ।
ਜਮ੍ਹਾ ਬੀਮਾ
BANK
ਫਿਰ ਮਨੀ ਕੁਮਾਰ ਨੇ ਬੈਂਕਾਂ ਉਪਰ ਇਕ ਵੱਡੀ ਸਾਰੀ ਸੁਰੱਖਿਆਤਮਕ ਛਤਰੀ ਖੋਲ੍ਹ ਦਿੱਤੀ, ਜਿਸ ਨੂੰ ਕਹਿੰਦੇ ਹਨ ਜਮ੍ਹਾ ਬੀਮਾ।


ਆਖ਼ਰਕਾਰ, ਸਭ ਕੁਝ ਆਮ ਹੋ ਗਿਆ।
ਵੇਖੋ, ਜਦੋਂ ਤੱਕ ਬੈਂਕ ਸੁਰੱਖਿਅਤ ਨਹੀਂ ਹੁੰਦੇ, ਤਦੋਂ ਤੱਕ ਲੋਕ ਉਨ੍ਹਾਂ ਵਿਚ ਪੈਸਾ ਨਹੀਂ ਰੱਖਣਗੇ। ਤੇ ਜੇ ਇਸ ਤਰ੍ਹਾਂ ਹੁੰਦਾ ਹੈ, ਤਾਂ ਬੈਂਕਾਂ ਕੋਲ ਏਨਾ ਪੈਸਾ ਕਿੱਥੋਂ ਆਏਗਾ ਕਿ ਮਾਲ ਦਾ ਉਤਪਾਦਨ ਕਰਨ ਲਈ ਦੂਜੇ ਲੋਕਾਂ ਨੂੰ ਦੇ ਸਕਣ। ਇਸ ਤਰ੍ਹਾਂ ਫਿਰ ਅਰਥ-ਵਿਵਸਥਾ ਕਿਵੇਂ ਅੱਗੇ ਵਧੇਗੀ, ਕਿਵੇਂ ਵਿਕਾਸ ਕਰੇਗੀ ? ਇਸ ਲਈ ਮੈਨੂੰ ਪਿਛੋਕੜ ਵਿਚ ਰਹਿ ਕੇ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਬੈਂਕ ਠੀਕ ਢੰਗ ਨਾਲ ਕੰਮ ਕਰਨ।
ਹਾਂ, ਸਮਝ ਗਏ ਅਸੀਂ। ਇਹ ਯਕੀਨੀ ਬਣਾ ਕੇ ਕਿ ਬੈਂਕ ਠੀਕ ਢੰਗ ਨਾਲ ਕੰਮ ਕਰਨ, ਤੁਸੀਂ ਉਹਨਾਂ ਕੋਲੋਂ ਪੈਸਾ ਲੈ ਕੇ ਜਿਨ੍ਹਾਂ ਕੋਲ ਬਹੁਤ ਹੈ, ਉਹਨਾਂ ਲੋਕਾਂ ਨੂੰ ਦੇਂਦੇ ਹੋ ਜਿਨ੍ਹਾਂ ਨੂੰ ਪੈਸੇ ਦੀ ਲੋੜ ਹੈ। ਜਦ ਉਹ ਪੈਸਾ ਮੋੜ ਦੇਣ ਤਾਂ ਕੋਈ ਹੋਰ ਲੈ ਸਕਦਾ ਹੈ, ਤੇ ਇਸ ਤਰ੍ਹਾਂ ਚੱਕਰ ਚਲਦਾ ਰਹਿੰਦਾ ਹੈ।
ਬਿਲਕੁਲ ਠੀਕ। ਇਹ ਤਾਂ ਹੀ ਹੋ ਸਕਦਾ ਜਦੋਂ ਲੋਕ ਪੂਰੇ ਭਰੋਸੇ ਨਾਲ ਪੈਸਾ ਬੈਂਕਾਂ ਦੇ ਹਵਾਲੇ ਕਰਨ। ਇਹੋ ਤਾਂ ਹੈ ਤੁਹਾਡੇ ਲਈ ਵਿੱਤੀ ਸਥਿਰਤਾ।
ਵਾਹ ! ਤਾਂ... ਹੁਣ ਅੱਗੇ ਕੀ ?